Khalsa School Calgary ਖਾਲਸਾ ਸਕੂਲ ਕੈਲਗਰੀ

# ਮਾਰਚ ਪੰਜਾਬੀ ਖ਼ਬਰਨਾਮਾ

## ਚੇਤਿ ਗੋਬਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥

ਮਾਰਚ ਦੇ ਮਹੀਨੇ ਵਿੱਚ ਖ਼ਾਲਸਾ ਸਕੂਲ ਕੈਲਗਰੀ ਵਿੱਚ Term 2 ਦੀ ਸ਼ੁਰੂਆਤ ਹੋ ਚੁੱਕੀ ਹੈ। ਵਿਦਿਆਰਥੀ ਪੰਜਾਬੀ ਅਤੇ ਗੁਰਮਤਿ ਵਿਸ਼ੇ ਵਿੱਚ ਬਹੁਤ ਵਧੀਆ ਢੰਗ ਨਾਲ ਪੜ੍ਹਾਈ ਕਰ ਰਹੇ ਹਨ। ਇਸੇ ਦੌਰਾਨ ੧੪ ਮਾਰਚ ਨੂੰ ਖ਼ਾਲਸਾ ਸਕੂਲ ਵਿੱਚ ਸਿੱਖਾਂ ਦਾ ਹਰਮਨ-ਪਿਆਰਾ ਤਿਉਹਾਰ 'ਹੋਲਾ-ਮਹੱਲਾ' ਮਨਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਬਹੁਤ ਉਤਸ਼ਾਹ ਅਤੇ ਪਿਆਰ ਨਾਲ ਹਿੱਸਾ ਲਿਆ। ਸ਼ਬਦ ਕੀਰਤਨ ਦੇ ਨਾਲ-ਨਾਲ ਵਿਦਿਆਰਥੀਆਂ ਨੇ ਕਵਿਤਾਵਾਂ ਪੜ੍ਹੀਆਂ ਅਤੇ ਸਭ ਨੂੰ ਇਤਿਹਾਸ ਨਾਲ ਜਾਣੂ ਕਰਵਾਇਆ। ਕੈਲਗਰੀ ਦੇ ਨੌਜਵਾਨਾਂ ਵੱਲੋਂ ਖ਼ਾਸ ਤੌਰ ਤੇ ਗੱਤਕੇ ਦੇ ਜੌਹਰ ਦਿਖਾਏ ਗਏ ਅਤੇ ਬੱਚਿਆਂ ਨੇ ਬੜ੍ਹੇ ਚਾਅ ਨਾਲ ਇਸ ਅਸੈਂਬਲੀ ਦਾ ਆਨੰਦ ਮਾਣਿਆ।

<u>ਜ਼ਰੂਰੀ ਬੇਨਤੀਆਂ:</u>

-੪ ਅਪ੍ਰੈਲ ਵਾਲੇ ਦਿਨ ਸਕੂਲ ਵਿੱਚ ਵੈਸਾਖੀ (ਖ਼ਾਲਸਾ-ਸਾਜਨਾ ਦਿਵਸ) ਨੂੰ ਮੁੱਖ ਰੱਖਦਿਆਂ ਖ਼ਾਸ ਪ੍ਰੋਗਰਾਮ ਉਲੀਕੇ ਗਏ ਹਨ। ਜਿਸ ਵਿੱਚ ਅਸੈਂਬਲੀ, ਕੀਰਤਨ, ਅਤੇ ਵੱਖ-ਵੱਖ ਸੈਂਟਰਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

-ਸਕੂਲ ਦੇ ਬੋਰਡ ਮੈਂਬਰਾਂ ਵੱਲੋਂ ਸਾਰੇ ਸਕੂਲ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ।

-ਬੱਚਿਆਂ ਨੂੰ ਬੇਨਤੀ ਹੈ ਕਿ ਨੀਲੀਆਂ, ਪੀਲੀਆਂ, ਸੰਤਰੀ ਜਾਂ ਚਿੱਟੀਆਂ ਦਸਤਾਰਾਂ ਸਜਾ ਕੇ, ਅਤੇ ਬਾਣਾ (ਚੋਲਾ, ਕੁੜਤਾ-ਪਜਾਮਾ, ਪੰਜਾਬੀ ਸੂਟ) ਪਾ ਕੇ ਸਕੂਲ ਵਿੱਚ ਹਾਜ਼ਰੀ ਭਰਨੀ ਅਤੇ ਦਸਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ।

-ਇਸ ਦਿਨ ਸਾਨੂੰ ਕੁਝ ਸੇਵਾਦਾਰਾਂ ਦੀ ਜ਼ਰੂਰਤ ਹੈ, ਜੋ ਵੀ ਮਾਤਾ-ਪਿਤਾ ਸੇਵਾ ਨਿਭਾ ਸਕਦੇ ਹੋਣ, ਆਪਣੇ ਬੱਚੇ ਦੇ ਪੰਜਾਬੀ ਅਧਿਆਪਕਾਂ ਨਾਲ ਰਾਬਤਾ ਕਰ ਸਕਦੇ ਹਨ।

ਅਪ੍ਰੈਲ/ਮਈ ਵਿੱਚ ਆਉਣ ਵਾਲੇ ਮੁੱਖ ਤਿਉਹਾਰ ਅਤੇ ਖ਼ਾਸ ਬੇਨਤੀਆਂ:

੧. ਅਪ੍ਰੈਲ ੪: ਵੈਸਾਖੀ (ਖ਼ਾਲਸਾ–ਸਾਜਨਾ ਦਿਵਸ ਅਸੈਂਬਲੀ) Celebration,

੨. ਮਈ ੨: ਸਿੱਖੀ ਫੇਅਰ ( Sikhi-Fair )

੩. ਮਈ ੧੦: ਨਗਰ–ਕੀਰਤਨ





